**BCM SCHOOL BASANT AVENUE DUGRI ROAD LUDHIANA**

**CLASS – 5TH**

**PUNJABI ASSIGNMENT- 3**

1.ਅਣਡਿੱਠਾ ਪੈਰ੍ਹਾ

ਜਿਵੇਂ ਦਿਵਾਲੀ ਸਰਦੀਆਂ ਦੇ ਸ਼ੁਰੂ ਦਾ ਤਿਉਹਾਰ ਹੈ, ਇਵੇਂ ਹੀ ਲੋਹੜੀ ਢਲਦੀ ਸਰਦੀ ਦਾ ਤਿਉਹਾਰ ਹੈ। ਦਿਵਾਲੀ ਦੀਵਿਆਂ ਦਾ ਤਿਉਹਾਰ ਹੈ। ਹੋਲੀ ਰੰਗਾਂ ਦਾ ਤਿਉਹਾਰ ਹੈ। ਇਵੇਂ ਹੀ, ਲੋਹੜੀ ਅੱਗ ਸੇਕਣ ਦਾ ਤਿਉਹਾਰ ਹੈ। ਲੋਹੜੀ ਬਾਲ਼ਣ ਲਈ ਕਈ-ਕਈ ਦਿਨ ਪਹਿਲਾਂ ਬਾਲਣ ਦਾ ਪ੍ਰਬੰਧ ਕੀਤਾ ਜਾਂਦਾ ਹੈ। ਜਦੋਂ ਸਰਦੀ ਤੋਂ ਮੁਕਤੀ ਅਤੇ ਸਰਦੀ ਕਾਰਨ ਆਏ ਦਲਿੱਦਰ ਤੋਂ ਵੀ ਮੁਕਤੀ ਹੋਣੀ ਹੁੰਦੀ ਹੈ, ਚਾਅ ਤਾਂ ਹੋਣਾ ਹੀ ਹੋਇਆ।

ਉਪਰੋਕਤ ਪੈਰ੍ਹਾ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ।

1. ਲੋਹੜੀ ਕਿਹੜੀ ਸਰਦੀ ਦਾ ਤਿਉਹਾਰ ਹੈ ?
2. ਹੋਲੀ ਕਿਹੜਾ ਤਿਉਹਾਰ ਹੈ ?
3. ਲੋਹੜੀ ਬਾਲਣ ਲਈ ਕਿਸ ਦਾ ਪ੍ਰਬੰਧ ਕਈ ਦਿਨ ਪਹਿਲਾਂ ਕੀਤਾ ਜਾਂਦਾ ਹੈ ?

2. ਡਿੱਠਾ ਪੈਰ੍ਹਾ

ਭਾਵੇਂ ਸਨ ਉਹ ਆਲ਼ੇ-ਭੋਲ਼ੇ।

ਮੌਤ ਦੇ ਸਾਹਵੇਂ ਵੀ ਨਾ ਡੋਲੇ।

ਗਾਏ ਜਦੋਂ ਮੌਤ ਨੇ ਸੋਹਲੇ।

ਚਮਕੇ ਹੋਰ ਕੇਸਰੀ ਚੋਲੇ।

ਉਪਰੋਕਤ ਪੈਰ੍ਹਾ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ।

1. ਉਪਰੋਕਤ ਕਵਿਤਾ ਦਾ ਸਿਰਲੇਖ ਕੀ ਹੈ ?
2. ਸਾਹਵੇਂ ਸ਼ਬਦ ਦਾ ਅਰਥ ਕੀ ਹੈ ?
3. ਉਪਰੋਕਤ ਸਤਰਾਂ ਵਿੱਚੋਂ ਸਮਾਸੀ ਸ਼ਬਦ ਚੁਣ ਕੇ ਲਿਖੋ।

3. ਮੁੱਲ ਪਰਖ ਪ੍ਰਸ਼ਨ :- ਹੈਲਨ ਕੈਲਰ ਦੇ ਜੀਵਨ ਤੋਂ ਤੁਹਾਨੂੰ ਕੀ-ਕੀ ਸਿੱਖਿਆ ਪ੍ਰਾਪਤ ਹੁੰਦੀ ਹੈ, ਕੋਈ ਦੋ ਵਾਕ ਲਿਖੋ।

4. ਬਹੁ-ਵਿਕਲਪੀ ਪ੍ਰਸ਼ਨ :-

(1) 'ਅਧਿਆਪਕ ਨੇ ਵਿਦਿਆਰਥੀ ਨੂੰ ਪੜ੍ਹਾਇਆ।' ਵਾਕ ਦਾ ਸਹੀ ਲਿੰਗ ਬਦਲੋ।

(ੳ) ਅਧਿਆਪਿਕਾ ਨੇ ਵਿਦਿਆਰਥਣ ਨੂੰ ਪੜ੍ਹਾਇਆ।

(ਅ) ਅਧਿਆਪਕਾ ਨੇ ਵਿਦਿਆਰਥਣ ਨੂੰ ਪੜ੍ਹਾਇਆ।

(ੲ) ਅਧਿਆਪਕਾ ਨੇ ਵਿਦਿਆਰਥੀ ਨੂੰ ਪੜ੍ਹਾਇਆ।

(2) 'ਬੱਚਾ ਸਲੇਟ ਉੱਪਰ ਲਿਖ ਰਿਹਾ ਹੈ।'ਵਾਕ ਦਾ ਸਹੀ ਵਚਨ ਬਦਲੋ।

(ੳ) ਬੱਚੇ ਸਲੇਟ ਉੱਪਰ ਲਿਖ ਰਹੇ ਹਨ।

(ਅ) ਬੱਚੇ ਸਲੇਟਾਂ ਉੱਪਰ ਲਿਖ ਰਿਹੇ ਹਨ।

(ੲ) ਬੱਚੇ ਸਲੇਟਾਂ ਉੱਪਰ ਲਿਖ ਰਹੇ ਹਨ।

(3) 'ਡੰਡੇ ਵਜਾਉਣਾ' ਮੁਹਾਵਰੇ ਦਾ ਅਰਥ ਚੁਣੋ।

(ੳ) ਲੜਨਾ (ਅ) ਮਾਰਨਾ (ੲ) ਵਿਹਲੇ ਫਿਰਨਾ

(4) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਚੁਣੋ :- ਕਵਿਤਾਵਾਂ ਲਿਖਣ ਵਾਲਾ

(ੳ) ਕਵੀ (ਅ) ਕਵਿ (ੲ) ਲਿਖਾਰੀ

(5) 'ਮੀਂਹ ਪੈ ਰਿਹਾ ਹੈ।'ਕਾਲ ਦੀ ਕਿਸਮ ਚੁਣੋ।

(ੳ) ਭਵਿੱਖਤ ਕਾਲ (ਅ) ਵਰਤਮਾਨ ਕਾਲ (ੲ) ਭੂਤਕਾਲ

(6) 'ਬੱਚਾ ਗੇਂਦ ਨਾਲ ਖੇਡ ਰਿਹਾ ਹੈ।' ਕਿਰਿਆ ਦੀ ਕਿਸਮ ਚੁਣੋ।

(ੳ) ਕਰਤਾ ਕਰਮ (ਅ) ਅਕਰਮਕ ਕਿਰਿਆ (ੲ) ਸਕਰਮਕ ਕਿਰਿਆ